


'ਗੁਰਬਾਣੀ ਨਾਲ ਜੁੜੀਏ' ਪ੍ਰੋਗਰਾਮ ਵਿਚ ਉੱਘੇ ਕ੍ਰਿਕਟਰ ਬਿਸ਼ਨ ਸਿੰਘ ਬੇਦੀ ਆਪਣੇ ਵਿਚਾਰ ਰਖਦੇ ਹੋਏ, ਸੁਸ਼ੋਭਿਤ ਹਨ ਡਾ.ਸੁਮੇਲ ਸਿੰਘ ਡਾ.ਰਘਬੀਰ ਸਿੰਘ, ਜਨਰਲ ਜੋਗਿੰਦਰ ਸਿੰਘ, ਡਾ.ਬੀ.ਐਸ ਰਤਨ, ਸਭਾ ਦੀ ਪ੍ਰਧਾਨ ਡਾ.ਮਹਿੰਦਰ ਕੌਰ ਗਿਲ ਅਤੇ ਸ.ਆਰ.ਐਸ. ਚੱਢਾ।

ਨਵੀਂ ਦਿੱਲੀ, 18 ਸਤੰਬਰ 2013: ਭਾਈ ਵੀਰ ਸਿੰਘ ਸਾਹਿਤ ਸਦਨ ਨਵੀਂ ਦਿੱਲੀ ਵਲੋਂ 'ਗੁਰਬਾਣੀ ਨਾਲ ਜੁੜੀਏ' ਪ੍ਰੋਗਰਾਮ ਦਾ ਆਯੋਜਨ ਸਦਨ ਦੇ ਕਾਨਫਰੰਸ ਹਾਲ 'ਚ ਕੀਤਾ ਗਿਆ। ਪ੍ਰੋਗਰਾਮ ਦਾ ਆਰੰਭ ਕਰਦਿਆਂ ਸਦਨ ਦੇ ਸੀਨੀਅਰ ਮੀਤ ਪ੍ਰਧਾਨ ਜਨਰਲ ਜੋਗਿੰਦਰ ਸਿੰਘ ਨੇ ਗੁਰਬਾਣੀ ਬਾਰੇ ਸੰਖੇਪ ਵਿਚਾਰ ਰਖਦਿਆਂ ਪਹੁੰਚੇ ਸਭ ਸਰੋਤਿਆਂ ਨੂੰ ਜੀਓ ਆਇਆਂ ਆਖਿਆ। ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਡਾ. ਐਮ.ਕੇ. ਗਿੱਲ ਨੇ ਪਹੁੰਚੇ ਵਕਤਿਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਸਭ ਤੋਂ ਪਹਿਲਾਂ ਉਘੇ ਵਿਦਵਾਨ ਅਤੇ ਬਿਬੇਕੀ ਪੁਰਸ਼ ਬੀ.ਐਸ. ਰਤਨ ਨੇ ਸਰੋਤਿਆਂ ਨੂੰ ਗੁਰਬਾਣੀ ਦੇ ਸੰਦੇਸ਼-ਸੰਚਾਰ ਬਾਰੇ ਜਾਗਰੁਕ ਕਰਦਿਆਂ ਅਨੁਭਵਤਾ ਤੇ ਦਾਰਸ਼ਨਿਕਤਾ ਦੇ ਸੰਜੋਗੀ ਪੈਰਾਡਾਇਮ ਨੂੰ ਵਰਤਿਆ। ਨਿਰਾਕਾਰ ਚੇਤਨਾ ਅਤੇ ਜੀਵਨ-ਮੁੱਲਾਂ ਨਾਲ ਸੰਬੰਧਤ ਗੁਰਬਾਣੀ ਨਿਰੋਲ ਬੁਧੀਮੰਡਲ ਦਾ ਵਿਸ਼ਾ ਨਹੀਂ। ਗੁਰਬਾਣੀ ਨਾਲ ਜੁੜਨ 'ਚ ਭਾਸ਼ਾ ਇਕ ਆਧਾਰ ਹੈ। ਪੰਜਾਬੀ ਭਾਸ਼ਾ ਦੀ ਆਧੁਨਿਕ ਪ੍ਰਸੰਗ 'ਚ ਗਲ ਕਰਦਿਆਂ ਉਨ੍ਹਾਂ ਅਜ ਦੇ ਚੁਣੌਤੀਆਂ ਭਰੇ ਮਾਹੌਲ 'ਚ ਇਸਦੀ ਉਸ ਮਹਤਤਾ ਨੂੰ ਉਘਾੜਿਆ ਜਿਥੋਂ ਗੁਰਬਾਣੀ ਨਾਲ ਜੁੜਨ ਦਾ ਮਾਰਗ ਪ੍ਰਸ਼ਸਤ ਹੁੰਦਾ ਹੈ। ਉਘੇ ਕ੍ਰਿਕਟ ਖਿਡਾਰੀ ਬਿਸ਼ਨ ਸਿੰਘ ਬੇਦੀ ਨੇ ਆਪਣੇ ਜੀਵਨ-ਅਨੁਭਵਾਂ ਦੇ ਦਰਮਿਆਨ ਗੁਰਬਾਣੀ ਦੀ ਗਲ ਕੀਤੀ। ਜੀਵਨ ਦੇ ਮਾਰਮਿਕ ਛਿਣਾਂ ਤੇ ਪਰਿਵਾਰਕ ਪਿਛੋਕੜ ਦਾ ਜ਼ਿਕਰ ਕਰਦਿਆਂ ਬਿਸ਼ਨ ਸਿੰਘ ਬੇਦੀ ਨੇ ਉਨ੍ਹਾਂ ਪਰਿਸਥਿਤੀਆਂ ਦਾ ਵਰਣਨ ਕੀਤਾ ਜਿਸ ਸਦਕਾ ਉਹ ਨਿਰਾਕਾਰੀ ਚੇਤਨਾ ਦੇ ਅਭਿਲਾਸ਼ੀ ਬਣੇ ਤੇ ਇਸਤੋਂ ਪ੍ਰੇਰਿਤ ਹੁੰਦੇ ਰਹੇ। ਸਰਦਾਰ ਆਰ.ਐਚ. ਚੱਢਾ ਨੇ ਗੁਰਬਾਣੀ ਚੇਤਨਾ ਤੇ ਇਸਦੀ ਮਨੁੱਖੀ ਵਰਤਾਰੇ 'ਚ ਲੋੜ ਸੰਬੰਧੀ ਮਹੱਤਵਪੂਰਨ ਗੱਲਾਂ ਕੀਤੀਆਂ। ਗੁਰਬਾਣੀ ਤੇ 100 ਤੋਂ ਵਧ ਪੁਸਤਕਾਂ ਦੀ ਲੇਖਿਕਾ ਅਤੇ ਸਭਾ ਦੀ ਪ੍ਰਧਾਨ ਡਾ. ਮਹਿੰਦਰ ਕੌਰ ਗਿੱਲ ਨੇ ਬਾਕਮਾਲ ਵਿਆਖਿਆਨ ਦਿੰਦਿਆਂ ਗੁਰਬਾਣੀ ਨੂੰ ਜੀਵਨ ਅਨੁਭਵਾਂ ਤੇ ਜੀਵਨ ਮੁਸ਼ਕਲਾਂ ਨਾਲ ਸੰਬੰਧਤ ਕਰਦਿਆਂ ਇਸਦੀ ਬੌਧਕ ਰੂਪਰੇਖਾ ਨੂੰ ਉਘਾੜਨ ਦੀ ਕਸ਼ਿਸ਼ ਕੀਤੀ। ਬੌਧਕ ਪਰੰਪਰਾ ਦੇ ਵਰੋਸਾਏ ਡਾ. ਮਹਿੰਦਰ ਕੌਰ ਗਿੱਲ ਦਾ ਇਹ ਵਿਆਖਿਆਲ ਨਿਰੰਕਾਰੀ ਚੇਤਨਾ ਦੀ ਪਾਰਗਾਮਤਾ ਦਾ ਸੁੰਦਰ ਝਲਕਾਰਾ ਸੀ। ਪ੍ਰੋਗਰਾਮ ਦੇ ਅਖੀਰ 'ਚ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਆਨਰੇਰੀ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਇਸ ਸੁੰਦਰ ਚਰਚਾ ਬਾਰੇ ਬੋਲਦਿਆਂ ਆਏ ਸਭ ਵਿਦਵਾਨਾਂ ਤੇ ਪੈਨੇਲਿਸਟ ਦਾ ਧੰਨਵਾਦ ਕਰਦਿਆਂ ਪ੍ਰੋਗਰਾਮ ਨੂੰ ਸੰਪੂਰਣਤਾ ਪ੍ਰਦਾਨ ਕੀਤੀ।

❑ ❑ ❑ ❑ ❑